# ਕੋਵਿਡ-19

# ਰੀਜਨ ਅਵ ਪੀਲ ਦਾ ਸਵੈ-ਅਲਗਾਅ ਪ੍ਰੋਗਰਾਮ

Region of Peel
working with you

## ਪੀਲ ਵਿਚਲੇ ਕਿਸੇ ਵੀ ਅਜਿਹੇ ਵਿਅਕਤੀ ਲਈ ਜਿਸਨੂੰ ਸਵੈ-ਅਲਗਾਅ ਕਰਨ ਦੀ ਲੋੜ ਹੈ ਪਰ ਉਹ ਘਰ ਵਿਚ ਅਜਿਹਾ ਨਹੀਂ ਕਰ ਸਕਦਾ

ਰੀਜਨ ਅਵ ਪੀਲ ਨੇ ਸਵੈ-ਅਲਗਾਅ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨ ਵਾਲਿਆਂ ਦੀ ਸਹਾਇਤਾ ਕਰਨ ਲਈ ਸਵੈਇੱਛਤ ਸਵੈ-ਅਲਗਾਅ ਅਤੇ ਰਿਕਵਰੀ ਪ੍ਰੋਗਰਾਮ ਸਥਾਪਤ ਕੀਤੇ ਹਨ।

### ਮੈਨੂੰ ਸਵੈ-ਅਲਗਾਅ ਕਦੋਂ ਕਰਨਾ ਚਾਹੀਦਾ ਹੈ?

- ਕੋਵਿਡ-19 ਲਈ ਪੌਜ਼ਿਟਿਵ ਟੈਸਟ ਕਰਨ ‘ਤੇ।
- ਕੋਵਿਡ-19 ਦੇ ਲੱਛਣ ਹੋਣ ‘ਤੇ।
- ਕਿਸੇ ਅਜਿਹੇ ਵਿਅਕਤੀ ਨਾਲ ਨੇੜਲਾ ਸੰਪਰਕ ਹੋਣ ‘ਤੇ ਜਿਸ ਨੂੰ ਕੋਵਿਡ-19 ਹੈ ਜਾਂ ਉਸ ਨੂੰ ਕੋਵਿਡ-19 ਦੇ ਲੱਛਣ ਹਨ।
- ਕੋਵਿਡ ਅਲਰਟ ਐਪ (COVID Alert app) ਤੋਂ ਨੋਟੀਫਿਕੇਸ਼ਨ ਪ੍ਰਾਪਤ ਹੋਣ ‘ਤੇ ਕਿ ਤੁਸੀਂ ਕੋਵਿਡ-19 ਦੇ ਸੰਪਰਕ ਵਿੱਚ ਆਏ ਹੋ ਸਕਦੇ ਹੋ।
- ਪਿਛਲੇ 14 ਦਿਨਾਂ ਵਿੱਚ ਕੈਨੇਡਾ ਤੋਂ ਬਾਹਰ ਯਾਤਰਾ ਕਰਕੇ ਵਾਪਸ ਪਰਤਣ ਤੇ। ਜਦੋਂ ਪਬਲਿਕ ਹੈਲਥ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ।

### ਇਹ ਕੀ ਹੈ? ਹੋਟਲ ਜਿਹੀ ਕੁਆਲਟੀ ਵਾਲੇ ਯੂਨਿਟ ਜੋ ਕਿ ਨਿੱਜੀ ਅਤੇ ਸੁਰੱਖਿਅਤ ਹਨ। ਕਮਰਿਆਂ ਦੀਆਂ ਸਹੂਲਤਾਂ ਵਿੱਚ ਸ਼ਾਮਲ ਹਨ:

- ਨਿੱਜੀ 3 ਪੀਸ ਬਾਥਰੂਮ (ਸ਼ਾਵਰ ਹੈਡ ਨਾਲ ਟੱਬ ਸ਼ਾਮਲ ਹੈ)
- ਸੋਫੇ ਦੇ ਨਾਲ ਇਕ ਕਵੀਨ ਬੈਡ ਅਤੇ/ਜਾਂ ਦੋ ਟਵਿੰਨ ਬੈਡ
- ਮੁਫਤ ਟੈਲੀਵਿਜ਼ਨ
- ਵਾਈਫਾਈ (WiFi) ਕੁਨੈਕਸ਼ਨ
- ਸਹਾਇਤਾ ਲਈ ਟੈਲੀਫੋਨ ਲਾਈਨ ਅਤੇ ਐਕਸਟੈਂਸ਼ਨ
- ਰੋਜ਼ਾਨਾ 3 ਭੋਜਨ ਅਤੇ ਸਨੈਕਸ ਉਪਲਬਧ ਹਨ
- ਘਰ ਜਾਣ ਅਤੇ ਉੱਥੋਂ ਆਉਣ ਲਈ ਟ੍ਰਾਂਸਪੋਰਟੇਸ਼ਨ ਮੁਹੱਈਆ ਕੀਤੀ ਜਾਂਦੀ ਹੈ

### ਮੈਂ ਕਿਵੇਂ ਭਾਗ ਲੈ ਸਕਦਾ/ਦੀ ਹਾਂ?

ਪੀਲ **ਪਬਲਿਕ ਹੈਲਥ ਨੂੰ** 9905-281-1269 ‘ਤੇ ਕਾਲ ਕਰੋ। ਵਧੇਰੇ ਜਾਣਕਾਰੀ ਲਈ **peelregion.ca/coronavirus/self-isolation/#home** ‘ਤੇ ਜਾਓ।







### ਅਕਸਰ ਪੁੱਛੇ ਜਾਣ ਵਾਲੇ ਪ੍ਰਸ਼ਨ

**ਹਾਂ** ਅਸੀਂ ਪਰਿਵਾਰਾਂ ਨੂੰ ਠਹਿਰਾ ਸਕਦੇ ਹਾਂ

**ਹਾਂ** ਸਾਈਟ ‘ਤੇ ਕੋਵਿਡ-19 ਟੈਸਟ ਉਪਲਬਧ ਹਨ

**ਓਹਿੱਪ** (OHIP) ਹੈਲਥ ਕਾਰਡਾਂ ਦੀ ਲੋੜ ਨਹੀਂ ਹੈ

**ਕਿਸੇ** ਭੁਗਤਾਨ ਦੀ ਲੋੜ ਨਹੀਂ ਹੈ

CDS-0-886 20/01/13